CEAS
B.C. Coalition to Eliminate Abuse of Seniors

## ਬਜ਼ੁਰਗਾਂ ਲਈ ਜਾਣਕਾਰੀ

*ਬਜ਼ੁਰਗਾਂ ਲਈ ਜਾਣਕਾਰੀ ਦੀਆਂ ਸ਼ੀਟਾਂ ਦੀ ਲੜੀ ਵਿੱਚੋਂ ਇਹ ਇਕ ਸ਼ੀਟ ਹੈ। ਹੋਰ ਇਹ ਹਨ:*

- *ਜੁਰਮਾਂ ਬਾਰੇ ਪੁਲੀਸ ਨੂੰ ਰਿਪੋਰਟ ਕਰਨਾ ਅਤੇ ਤੁਹਾਡੇ ਵਲੋਂ ਰਿਪੋਰਟ ਕਰਨ ਵੇਲੇ ਕੀ ਹੁੰਦਾ ਹੈ*
- *ਅਡੱਲਟ ਗਾਰਡੀਅਨਸ਼ਿਪ ਐਕਟ ਦੇ ਹਿੱਸਾ 3 ਅਧੀਨ ਬੁਰੇ ਵਰਤਾਉ ਅਤੇ ਅਣਗਹਿਲੀ ਦੀ ਰਿਪੋਰਟ ਕਰਨਾ*
- *ਬਜ਼ੁਰਗਾਂ ਨਾਲ ਬੁਰਾ ਵਰਤਾਉ ਅਤੇ ਉਨ੍ਹਾਂ ਪ੍ਰਤੀ ਅਣਗਹਿਲੀ ਅਤੇ ਕਰਿਮੀਨਲ ਜਸਟਿਸ ਸਿਸਟਮ*
- *ਕਨੂੰਨੀ ਮਦਦ ਕਿੱਥੋਂ ਲੈਣੀ ਹੈ*
- *ਆਪਣੇ ਕੰਮਾਂ ਦੇ ਪ੍ਰਬੰਧ ਵਿਚ ਮਦਦ ਲਈ ਹੋਰ ਲੋਕਾਂ ਨੂੰ ਅਧਿਕਾਰ ਦੇਣਾ*

# *ਬਜ਼ੁਰਗਾਂ ਨਾਲ ਬੁਰਾ ਵਰਤਾਉ ਅਤੇ ਉਨ੍ਹਾਂ ਪ੍ਰਤੀ ਅਣਗਹਿਲੀ ਕੀ ਇਹ ਇਕ ਜੁਰਮ ਹੈ?*

### *ਬਜ਼ੁਰਗਾਂ ਨਾਲ ਬੁਰਾ ਵਰਤਾਉ ਅਤੇ ਉਨ੍ਹਾਂ ਪ੍ਰਤੀ ਅਣਗਹਿਲੀ ਜੁਰਮ ਕਦੋਂ ਹੈ?*

ਜਦੋਂ ਉਹ ਦੇਖਦੇ ਹਨ ਤਾਂ ਬਹੁਤੇ ਲੋਕ ਮਾਇਕ, ਸਰੀਰਕ ਅਤੇ ਜਜ਼ਬਾਤੀ ਬੁਰੇ ਵਰਤਾਉ ਨੂੰ ਪਛਾਣ ਸਕਦੇ ਹਨ। ਅਤੇ, ਅਜਿਹੇ ਸਮੇਂ ਵੀ ਆਉਂਦੇ ਹਨ ਜਦੋਂ ਗੁਆਂਢੀ ਅਤੇ ਪਰਿਵਾਰ ਦੇ ਮੈਂਬਰ ਇਹ ਫਿਕਰ ਕਰਦੇ ਹਨ ਕਿ ਬਜ਼ੁਰਗ ਜੋ ਸੰਭਾਲ ਲਈ ਦੂਜਿਆਂ 'ਤੇ ਨਿਰਭਰ ਕਰਦੇ ਹਨ, ਅਣਗਹਿਲੀ ਦਾ ਸ਼ਿਕਾਰ ਹੋ ਰਹੇ ਹਨ। ਅਜਿਹੀਆਂ ਹਾਲਤਾਂ ਵਿਚ, ਸਾਡੇ ਵਿੱਚੋਂ ਬਹੁਤ ਸਾਰਿਆਂ ਨੂੰ ਇਹ ਪੱਕਾ ਪਤਾ ਨਹੀਂ ਹੁੰਦਾ ਕਿ ਬਜ਼ੁਰਗਾਂ ਨੂੰ ਸੁਰੱਖਿਅਤ ਰੱਖਣ ਲਈ ਪੁਲੀਸ ਦੀ ਮਦਦ ਕਦੋਂ ਲੈਣੀ ਹੈ।

ਬਜ਼ੁਰਗਾਂ ਨਾਲ ਬੁਰੇ ਵਰਤਾਉ ਅਤੇ ਉਨ੍ਹਾਂ ਪ੍ਰਤੀ ਅਣਗਹਿਲੀ ਨੂੰ "ਲੁਕਵਾਂ ਜੁਰਮ" ਆਖਿਆ ਜਾਂਦਾ ਰਿਹਾ ਹੈ ਕਿਉਂਕਿ ਇਹ ਅਕਸਰ ਬੰਦ ਦਰਵਾਜ਼ਿਆਂ ਦੇ ਪਿੱਛੇ ਵਾਪਰਦਾ ਹੈ ਅਤੇ ਕੋਈ ਵੀ ਇਸ ਬਾਰੇ ਜਾਣਦਾ ਨਹੀਂ ਹੁੰਦਾ। ਪਰ, ਇਹ ਕੁਝ ਸਵਾਲ ਖੜ੍ਹੇ ਕਰਦਾ ਹੈ। ਲੋਕ ਅਜਿਹੀਆਂ ਚੀਜ਼ਾਂ ਕਰਦੇ ਹਨ ਜਿਹੜੀਆਂ ਕਿ ਬਹੁਤ ਗਲਤ ਹੁੰਦੀਆਂ ਹਨ, ਜਿਵੇਂ ਕਿਸੇ ਦੂਜੇ ਵਿਅਕਤੀ ਦਾ ਅਪਮਾਨ ਕਰਨਾ, ਪਰ ਕੀ ਇਹ ਜੁਰਮ ਨਹੀਂ ਹੈ? ਅਤੇ ਅਣਗਹਿਲੀ ਦਾ ਕਿੰਨਾ ਕੁ ਗੰਭੀਰ ਹੋਣਾ ਜ਼ਰੂਰੀ ਹੈ ਜਦੋਂ ਕਿਸੇ ਨੂੰ ਪੁਲੀਸ ਨੂੰ ਫੋਨ ਕਰਨਾ ਚਾਹੀਦਾ ਹੈ? ਕੀ "ਬਜ਼ੁਰਗਾਂ ਨਾਲ ਬੁਰਾ ਵਰਤਾਉ" ਨਾਂ ਦਾ ਕੋਈ ਜੁਰਮ ਹੈ?

ਕੈਨੇਡਾ ਵਿਚ, "ਕਰਿਮੀਨਲ ਕੋਡ" ਇਹ ਦੱਸਦਾ ਹੈ ਕਿ ਕਿਹੜੀ ਚੀਜ਼ ਜੁਰਮ ਸਮਝੀ ਜਾ ਸਕਦੀ ਹੈ। ਪੁਲੀਸ ਅਫਸਰ ਅਤੇ ਸਰਕਾਰੀ ਵਕੀਲ ਇਸ ਕਨੂੰਨ ਦੀ ਵਰਤੋਂ ਹਰ ਇਕ ਹਾਲਤ 'ਤੇ ਨਿਗ੍ਹਾ ਮਾਰਨ ਲਈ ਕਰਦੇ ਹਨ ਅਤੇ ਇਹ ਫੈਸਲਾ ਕਰਦੇ ਹਨ ਕਿ ਕੀ ਕੋਈ ਜੁਰਮ ਹੋਇਆ ਹੈ ਜਾਂ ਨਹੀਂ। "ਸੀਨੀਅਰ ਨਾਲ ਬੁਰਾ ਵਰਤਾਉ" ਜਾਂ "ਬਜ਼ੁਰਗ ਨਾਲ ਬੁਰਾ ਵਰਤਾਉ" ਨਾਂ ਦਾ ਕੋਈ ਜੁਰਮ ਨਹੀਂ ਹੈ ਪਰ ਬਹੁਤ ਸਾਰੇ ਸਲੂਕ ਜਿਨ੍ਹਾਂ ਨੂੰ ਅਸੀਂ "ਬੁਰਾ ਵਰਤਾਉ" ਕਹਿੰਦੇ ਹਾਂ, ਉਹ ਜੁਰਮ ਹਨ ਜਿਹੜੇ ਕਿਸੇ ਵੀ ਉਮਰ ਦੇ ਲੋਕਾਂ ਖਿਲਾਫ ਹੋ ਸਕਦੇ ਹਨ।

ਅੱਗੇ ਕੁਝ ਸਵਾਲ ਦਿੱਤੇ ਗਏ ਹਨ ਜਿਹੜੇ ਅਕਸਰ ਪੁੱਛੇ ਜਾਂਦੇ ਹਨ ਅਤੇ ਉਨ੍ਹਾਂ ਸਲੂਕਾਂ ਦੀਆਂ ਉਦਾਹਰਣਾਂ ਦਿੱਤੀਆਂ ਗਈਆਂ ਹਨ ਜਿਨ੍ਹਾਂ ਨੂੰ ਬੁਰਾ ਵਰਤਾਉ (ਅਬਿਊਜ਼) ਜਾਂ ਅਣਗਹਿਲੀ ਕਿਹਾ ਜਾਂਦਾ ਹੈ ਅਤੇ ਜਦੋਂ ਉਹ ਜੁਰਮ ਵੀ ਬਣ ਜਾਂਦੇ ਹਨ।

### *ਸਰੀਰਕ ਬੁਰਾ ਵਰਤਾਉ*

**ਸਵਾਲ:** *ਜੇ ਮੇਰਾ ਪੁੱਤਰ ਮੈਨੂੰ ਧੱਕੇ ਮਾਰਦਾ ਹੈ ਅਤੇ ਮੇਰੇ ਨਾਲ ਆਦਰ ਨਾਲ ਵਰਤਾਉ ਨਹੀਂ ਕਰਦਾ ਤਾਂ ਕੀ ਇਹ ਜੁਰਮ ਹੈ?*

ਸਰੀਰਕ ਬੁਰਾ ਵਰਤਾਉ ਉਦੋਂ ਹੁੰਦਾ ਹੈ ਜਦੋਂ ਕੋਈ ਧੱਕੇਸ਼ਾਹੀ ਕਰਨ ਲਈ ਜਾਣ ਬੁੱਝ ਕੇ ਤਾਕਤ ਦੀ ਵਰਤੋਂ ਕਰਦਾ ਹੈ ਜਾਂ ਡਰਾਉਂਦਾ ਹੈ। ਇਸ ਵਿਚ ਹਿੰਸਾ ਦਾ ਕੋਈ ਵੀ ਕਾਰਜ ਸ਼ਾਮਲ ਹੈ, ਭਾਵੇਂ ਇਹ ਸਰੀਰਕ ਚੋਟ ਦਾ ਕਾਰਨ ਬਣਦਾ

ਹੈ ਜਾਂ ਨਹੀਂ। ਕੁਝ ਉਦਾਹਰਣਾਂ ਵਿਚ, ਧੱਕਾ ਮਾਰਨਾ, ਚੋਟ ਮਾਰਨਾ ਜਾਂ ਚਪੇੜ ਮਾਰਨਾ, ਕਿਸੇ ਨੂੰ ਮੰਜੇ ਜਾਂ ਕੁਰਸੀ ਉੱਪਰ ਰਹਿਣ ਲਈ ਮਜਬੂਰ ਕਰਨਾ, ਦਵਾਈ ਨਾ ਦੇਣਾ ਜਾਂ ਦਵਾਈ ਦੀ ਗਲਤ ਵਰਤੋਂ ਕਰਨਾ ਸ਼ਾਮਲ ਹਨ।

ਕਰਿਮੀਨਲ ਕੋਡ ਅਧੀਨ ਸਰੀਰਕ ਬੁਰੇ ਵਰਤਾਉ ਵਿਚ ਅੱਗੇ ਲਿਖੇ ਜੁਰਮ ਸ਼ਾਮਲ ਹੋ ਸਕਦੇ ਹਨ।

- ਹਮਲਾ ਕਰਨਾ
- ਕਾਮੁਕ ਹਮਲਾ
- ਹਮਲਾ ਕਰਕੇ ਸਰੀਰਕ ਨੁਕਸਾਨ ਕਰਨਾ
- ਜ਼ਬਰਦਸਤੀ ਕਰਕੇ ਰੋਕੀ ਰੱਖਣਾ

**ਅਣਗਹਿਲੀ**

**ਸਵਾਲ:** *ਮੇਰੀ ਧੀ ਇਹ ਸ਼ਿਕਾਇਤ ਕਰਦੀ ਹੈ ਕਿ ਮੈਂ ਉਸ ਉੱਪਰ ਬੋਝ ਹਾਂ, ਅਤੇ ਉਹ ਮੇਰੀ ਸੰਭਾਲ ਤੋਂ ਅੱਕ ਗਈ ਹੈ। ਕਦੇ ਕਦੇ ਉਹ ਮੈਨੂੰ ਸਾਰਾ ਦਿਨ ਇਕੱਲੀ ਛੱਡ ਦਿੰਦੀ ਹੈ ਅਤੇ ਮੇਰੇ ਕੋਲ ਖਾਣ ਲਈ ਕੁਝ ਨਹੀਂ ਹੁੰਦਾ। ਮੈਂ ਆਪਣੇ ਆਪ ਬਾਥਰੂਮ ਨਹੀਂ ਜਾ ਸਕਦੀ। ਮੈਂ ਬਹੁਤ ਮਾੜਾ ਮਹਿਸੂਸ ਕਰਦੀ ਹਾਂ ਅਤੇ ਮੈਨੂੰ ਆਪਣੇ ਆਪ 'ਤੇ ਸ਼ਰਮ ਆਉਂਦੀ ਹੈ ਕਿ ਮੈਂ ਉਸ ਨੂੰ ਕਿੰਨਾ ਕੰਮ ਪਾਇਆ ਹੋਇਆ ਹੈ। ਕੀ ਕਿਸੇ ਪ੍ਰਤੀ ਅਣਗਹਿਲੀ ਵਰਤਣਾ ਇਕ ਜੁਰਮ ਹੈ?*

ਕਨੂੰਨ ਇਹ ਕਹਿੰਦਾ ਹੈ ਕਿ ਤੁਹਾਡੀਆਂ ਆਮ ਮੁਢਲੀਆਂ ਲੋੜਾਂ ਪੂਰੀਆਂ ਕਰਨਾ ਤੁਹਾਡੀ ਧੀ ਦਾ ਫਰਜ਼ ਹੈ, ਜੇ ਤੁਸੀਂ ਉਸ ਉੱਪਰ ਨਿਰਭਰ ਕਰਦੇ ਹੋ ਅਤੇ ਆਪਣੀ ਸੰਭਾਲ ਆਪ ਨਹੀਂ ਕਰ ਸਕਦੇ। ਜੇ ਤੁਹਾਡੀ ਧੀ ਤੁਹਾਡੀ ਸਿਹਤ ਜਾਂ ਜ਼ਿੰਦਗੀ ਨੂੰ ਖਤਰੇ ਵਿਚ ਪਾ ਰਹੀ ਹੈ, ਭਾਵੇਂ ਉਹ ਇਹ ਜਾਣ-ਬੁੱਝ ਕੇ ਨਹੀਂ ਕਰ ਰਹੀ ਤਾਂ ਇਸ ਨੂੰ ਅਣਗਹਿਲੀ ਸਮਝਿਆ ਜਾਵੇਗਾ।

ਉਹ ਸਵਾਲ ਜਿਹੜੇ ਇਹ ਪਤਾ ਲਾਉਣ ਲਈ ਪੁੱਛੇ ਜਾਣਗੇ ਕਿ ਕੀ ਤੁਹਾਡੀ ਸਿਹਤ ਜਾਂ ਜ਼ਿੰਦਗੀ ਖਤਰੇ ਵਿਚ ਹੈ:

- ਕੀ ਤੁਸੀਂ ਬਹੁਤ ਹੀ ਗੰਦੀਆਂ ਜਾਂ ਗੈਰ-ਸਿਹਤਮੰਦ ਹਾਲਤਾਂ ਵਿਚ ਰਹਿ ਰਹੇ ਹੋ?
- ਕੀ ਖਾਣ ਲਈ ਪੂਰਾ ਖਾਣਾ ਅਤੇ ਹੀਟ ਹੈ?
- ਕੀ ਤੁਹਾਡਾ ਉਹ ਡਾਕਟਰੀ ਇਲਾਜ ਹੋ ਰਿਹਾ ਹੈ ਜਿਸ ਦੀ ਤੁਹਾਨੂੰ ਲੋੜ ਹੈ?

ਕਰਿਮੀਨਲ ਕੋਡ ਅਧੀਨ ਅਣਗਹਿਲੀ ਦੇ ਦੋ ਰੂਪ ਇਹ ਹਨ:

- ਲੋੜਾਂ ਪੂਰੀਆਂ ਕਰਨ ਦੇ ਫਰਜ਼ ਦੀ ਉਲੰਘਣਾ
- ਮੁਜਰਮਾਨਾ ਅਣਗਹਿਲੀ ਜਿਹੜੀ ਸਰੀਰਕ ਨੁਕਸਾਨ ਜਾਂ ਮੌਤ ਦਾ ਕਾਰਨ ਬਣਦੀ ਹੈ

**ਜਜ਼ਬਾਤੀ ਬੁਰਾ ਵਰਤਾਉ**

**ਸਵਾਲ:** *ਕੀ ਮੇਰੀ ਧੀ ਜਜ਼ਬਾਤੀ ਬੁਰਾ ਵਰਤਾਉ ਕਰਦੀ ਹੈ ਜਦੋਂ ਉਹ ਕਹਿੰਦੀ ਹੈ ਕਿ ਮੈਂ ਉਸ 'ਤੇ ਬੋਝ ਹਾਂ ਅਤੇ ਮੈਨੂੰ ਕਿਸੇ ਸੰਸਥਾ ਵਿਚ ਛੱਡਣ ਦੀ ਧਮਕੀ ਦਿੰਦੀ ਹੈ?*

ਤੁਹਾਡੀ ਸ਼ਾਨ ਅਤੇ ਸਵੈ-ਕਦਰ ਦੇ ਖਿਲਾਫ ਕੋਈ ਵੀ ਵਰਤਾਉ ਜਜ਼ਬਾਤੀ ਬੁਰਾ ਵਰਤਾਉ ਹੈ।

ਬਜ਼ੁਰਗਾਂ ਨਾਲ ਜਜ਼ਬਾਤੀ ਬੁਰੇ ਵਰਤਾਉ ਦੀਆਂ ਆਮ ਉਦਾਹਰਣਾਂ ਇਹ ਹਨ:

- ਸਿਆਣੇ ਬਜ਼ੁਰਗ ਨੂੰ ਇਕੱਲਾ ਕਰਨਾ ਜਾਂ ਉਸ ਨੂੰ ਅਣਡਿੱਠ ਕਰਨਾ
- ਕਿਸੇ ਬਜ਼ੁਰਗ ਨਾਲ ਇਸ ਤਰ੍ਹਾਂ ਵਰਤਾਉ ਕਰਨਾ ਜਿਵੇਂ ਉਹ ਕੋਈ ਇਨਸਾਨ ਨਾ ਹੋਵੇ ਜਾਂ ਦੂਜੇ ਲੋਕਾਂ ਦੇ ਬਰਾਬਰ ਨਾ ਹੋਵੇ
- ਭੱਤੇ (ਬੈਨੇਫਿਟਸ), ਸੇਵਾਵਾਂ ਜਾਂ ਦਵਾਈ ਖੋਹ ਲੈਣ ਦੀ ਧਮਕੀ ਦੇਣਾ
- ਵਿਅਕਤੀ ਨੂੰ ਕਿਸੇ ਸੰਸਥਾ ਵਿਚ ਭੇਜਣ ਦੀ ਧਮਕੀ ਦੇਣਾ

ਮੂੰਹ ਜ਼ਬਾਨੀ ਜਾਂ ਜਜ਼ਬਾਤੀ ਬੁਰੇ ਵਰਤਾਉ ਦੇ ਕਈ ਰੂਪ *ਕਰਿਮੀਨਲ ਕੋਡ* ਅਧੀਨ ਜੁਰਮ ਹੋ ਸਕਦੇ ਹਨ। ਇਨ੍ਹਾਂ ਵਿੱਚੋਂ ਕੁਝ ਜੁਰਮ ਇਹ ਹਨ:

- ਮੁਜਰਮਾਨਾ ਪਰੇਸ਼ਾਨੀ ਜੋ ਕਿ ਦੁਹਰਾਈ ਜਾਂਦੀ ਹੈ, ਇਕ ਅਣਚਾਹਿਆ ਵਰਤਾਉ ਹੈ ਜਿਸ ਨਾਲ ਕਿਸੇ ਵਿਅਕਤੀ ਨੂੰ ਆਪਣੀ ਸੁਰੱਖਿਆ ਪ੍ਰਤੀ ਡਰ ਲੱਗਦਾ ਹੈ
- ਕਿਸੇ ਵਿਅਕਤੀ ਨੂੰ ਮਾਰਨ ਜਾਂ ਸਰੀਰਕ ਨੁਕਸਾਨ ਪਹੁੰਚਾਉਣ ਦੀਆਂ ਧਮਕੀਆਂ ਦੇਣਾ ਜਾਂ ਕਿਸੇ ਦੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣਾ ਜਾਂ ਉਸ ਦੇ ਜਾਨਵਰ ਜਾਂ ਪੰਛੀ ਨੂੰ ਫੱਟੜ ਕਰਨਾ
- ਟੈਲੀਫੋਨ ਉੱਪਰ ਪਰੇਸ਼ਾਨ ਕਰਨ ਵਾਲੇ ਫੋਨ ਕਰਨਾ
- ਡਰ ਜਾਂ ਕਿਸੇ ਨੂੰ ਡਰਾਉਣਾ

## ਮਾਇਕ ਬੁਰਾ ਵਰਤਾਉ

**ਸਵਾਲ:** *ਮੇਰਾ ਪੋਤਾ ਮੇਰੇ ਪੈਸੇ ਲੈ ਜਾਂਦਾ ਹੈ। ਹਰ ਵਾਰੀ ਜਦੋਂ ਉਹ ਮੈਨੂੰ ਮੇਰੇ ਘਰ ਮਿਲਣ ਆਉਂਦਾ ਹੈ, ਕੁਝ ਪੈਸੇ ਗੁਆਚ ਜਾਂਦੇ ਹਨ। ਮੈਨੂੰ ਸ਼ੱਕ ਹੈ ਕਿ ਉਹ ਲਿਜਾਂਦਾ ਹੈ। ਮੈਂ ਉਸ ਨੂੰ ਬਹੁਤ ਪਿਆਰ ਕਰਦੀ ਹਾਂ ਅਤੇ ਮੈਨੂੰ ਨਹੀਂ ਪਤਾ ਕਿ ਮੈਂ ਇਸ ਸਮੱਸਿਆ ਦਾ ਹੱਲ ਕਿਵੇਂ ਕਰਾਂ। ਮੈਂ ਆਪਸ ਵਿਚ ਕੋਈ ਸਮੱਸਿਆ ਨਹੀਂ ਖੜ੍ਹਾ ਕਰਨਾ ਚਾਹੁੰਦੀ ਕਿਉਂਕਿ ਅਸੀਂ ਸਦਾ ਹੀ ਬਹੁਤ ਨੇੜੇ ਰਹੇ ਹਾਂ। ਜੇ ਉਹ ਮੰਗੇ ਤਾਂ ਮੈਂ ਓਦਾਂ ਹੀ ਉਸ ਨੂੰ ਪੈਸੇ ਦੇ ਸਕਦੀ ਹਾਂ। ਕੀ ਉਹ ਕੋਈ ਜੁਰਮ ਕਰ ਰਿਹਾ ਹੈ? ਕੀ ਉਹ ਮੇਰੇ ਪੈਸੇ ਚੋਰੀ ਕਰ ਰਿਹਾ ਹੈ?*

ਮਾਇਕ ਬੁਰਾ ਵਰਤਾਉ ਉਦੋਂ ਹੁੰਦਾ ਹੈ ਜਦੋਂ ਕੋਈ ਕਿਸੇ ਵਿਅਕਤੀ ਦੇ ਪੈਸੇ ਜਾਂ ਪ੍ਰਾਪਰਟੀ ਨੂੰ ਬੇਈਮਾਨ ਤਰੀਕੇ ਨਾਲ ਵਰਤਦਾ ਹੈ। ਮਾਇਕ ਬੁਰੇ ਵਰਤਾਉ ਦੀਆਂ ਉਦਾਹਰਣਾਂ ਵਿਚ, ਨਿੱਜੀ ਚੀਜ਼ਾਂ ਦੀ ਚੋਰੀ, ਪੈਸੇ ਦੀ ਚੋਰੀ, ਕਰੈਡਿਟ ਕਾਰਡਾਂ ਦੀ ਚੋਰੀ, ਜਾਂ ਜੇ ਤੁਹਾਡੇ ਕੋਲ ਕਿਸੇ ਦੇ ਕੰਮਕਾਰ ਕਰਨ ਲਈ ਮੁਖਤਾਰਨਾਮਾ ਜਾਂ ਕੋਈ ਹੋਰ ਅਧਿਕਾਰ ਹੈ ਤਾਂ ਕਿਸੇ ਹੋਰ ਦੇ ਪੈਸੇ ਜਾਂ ਪ੍ਰਾਪਰਟੀ ਨੂੰ ਆਪਣੇ ਲਈ ਵਰਤਣਾ ਸ਼ਾਮਲ ਹਨ। ਹੋਰ ਉਦਾਹਰਣਾਂ ਵਿਚ ਇਹ ਗੱਲਾਂ ਸ਼ਾਮਲ ਹੋ ਸਕਦੀਆਂ ਹਨ:

- ਚਾਲਬਾਜ਼ੀ – ਕਿਸੇ ਹੋਰ ਵਿਅਕਤੀ ਨੂੰ ਆਪਣੇ ਪੈਸੇ ਜਾਂ ਚੀਜ਼ਾਂ ਛੱਡਣ ਲਈ ਧੋਖਾ ਕਰਨਾ
- ਲੁੱਟ – ਕਿਸੇ ਨੂੰ ਇਸ ਚੀਜ਼ ਲਈ ਧਮਕਾਉਣਾ ਕਿ ਉਹ ਤੁਹਾਨੂੰ ਆਪਣੇ ਪੈਸੇ ਜਾਂ ਚੀਜ਼ਾਂ ਦੇਵੇ।

ਕਰਿਮੀਨਲ ਕੋਡ ਅਧੀਨ ਆਉਂਦੇ ਕੁਝ ਉਹ ਜੁਰਮ ਜਿਹੜੇ ਬਜ਼ੁਰਗ ਬਾਲਗਾਂ ਨਾਲ ਮਾਇਕ ਬੁਰਾ ਵਰਤਾਉ ਕਰਨ ਲਈ ਕੀਤੇ ਜਾ ਸਕਦੇ ਹਨ:

- ਚੋਰੀ
- ਲੁੱਟ
- ਚਾਲਬਾਜ਼ੀ
- ਭਰੋਸੇ ਦੀ ਮੁਜਰਮਾਨਾ ਉਲੰਘਣਾ
- ਜਾਲ੍ਹਸਾਜ਼ੀ
- ਮੁਖਤਾਰਨਾਮੇ ਦੀ ਗਲਤ ਵਰਤੋਂ

ਤੁਸੀਂ ਕਿਹਾ ਹੈ ਕਿ ਤੁਸੀਂ ਅਤੇ ਤੁਹਾਡਾ ਪੋਤਾ ਸਦਾ ਹੀ ਬਹੁਤ ਨੇੜੇ ਰਹੇ ਹੋ। ਬੁਰੇ ਵਰਤਾਉ ਨੂੰ ਅਣਡਿੱਠ ਨਾ ਕਰਨਾ ਚੰਗਾ ਹੈ, ਕਿਉਂਕਿ ਇਹ ਸਦਾ ਵਧਦਾ ਜਾਂਦਾ ਹੈ। ਕੁਝ ਹੱਲਾਂ ਦਾ ਪਤਾ ਲਾਉਣ ਲਈ ਅਤੇ ਮਦਦ ਕਰਨ ਵਾਲੀਆਂ ਕਮਿਉਨਟੀ ਸੇਵਾਵਾਂ ਬਾਰੇ ਜਾਣਨ ਲਈ **ਵਿਕਟਿਮਲਿੰਕ ਨੂੰ 1 800 563-0808** ’ਤੇ ਫੋਨ ਕਰੋ।

ਕਨੂੰਨ ਅਤੇ ਆਪਣੇ ਹੱਕਾਂ ਬਾਰੇ ਜ਼ਿਆਦਾ ਜਾਣਨ ਲਈ ਬੀ ਸੀ ਸੀ ਈ ਏ ਐੱਸ ਨੂੰ ਲੋਅਰ ਮੇਨਲੈਂਡ ਵਿਚ 604 437-1940 ’ਤੇ ਫੋਨ ਕਰੋ ਜਾਂ ਸੂਬੇ ਦੇ ਕਿਸੇ ਵੀ ਹੋਰ ਹਿੱਸੇ ਤੋਂ 1 866 437-1940 ’ਤੇ ਮੁਫਤ ਫੋਨ ਕਰੋ।

*ਇਹ ਜਾਣਕਾਰੀ ਸ਼ੀਟ, ਕਮਿਉਨਟੀ ਆਫ ਸਰੀ ਹੈਲਥ ਗਰਾਂਟ, ਫਰੇਜ਼ਰ ਹੈਲਥ ਅਥਾਰਟੀ ਤੋਂ ਮਿਲੀ ਮਾਇਕ ਸਹਾਇਤਾ ਨਾਲ ਤਿਆਰ ਕੀਤੀ ਗਈ।*